GOVERNMENT OF WESTERN AUSTRALIA

Working with Children Check

# Factsheet CAT15
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ 15: ਰਾਤ ਰਹਿਣ ਵਾਲੇ ਕੈਂਪ

Punjabi | ਪੰਜਾਬੀ

ਰਿਹਾਇਸ਼ ਦੀ ਕਿਸਮ ਜਾਂ ਕਿੰਨੇ ਬੱਚੇ ਸ਼ਾਮਲ ਹਨ ਇਸ ਗੱਲ ਦੀ ਦੀ ਪਰਵਾਹ ਕੀਤੇ ਬਗੈਰ ਰਾਤ ਰਹਿਣ ਵਾਲੇ ਕੈਂਪ। ਇਹ ਸ਼੍ਰੇਣੀ ਅਸਥਾਈ ਕਿਸਮ ਦੀ ਰਿਹਾਇਸ਼ ਵਾਲੇ ਕਈ ਕਿਸਮ ਦੇ ਰਾਤ ਰਹਿਣ ਵਾਲੇ ਕੈਂਪਾਂ ਨੂੰ ਸ਼ਾਮਿਲ ਕਰਦੀ ਹੈ, ਜਿਵੇਂ ਕਿ ਟੈਂਟ, ਕੈਂਪ ਲਾਉਣ ਵਾਲੇ ਸਥਾਨ, ਡਾਰਮਿਟਰੀਆਂ ਜਾਂ ਹੋਟਲ ਅਤੇ ਮੋਟਲ।

ਇੱਕ ਬਾਲਗ਼ ਜੋ ਆਪਣੇ **ਬੱਚੇ** **(child)** ਦੇ ਨਾਲ ਕੈਂਪ ਵਿੱਚ ਭਾਗ ਲੈ ਰਿਹਾ ਹੈ, ਜਿਵੇਂ ਕਿ ਪਿਤਾ/ਧੀ ਦੀ ਸ਼ਮੂਲੀਅਤ ਵਾਲਾ ਸਕੂਲ ਕੈਂਪ, ਅਤੇ ਉਹ ਕੈਂਪ ਵਿੱਚ ਕੋਈ ਭੂਮਿਕਾ ਨਹੀਂ ਨਿਭਾ ਰਿਹਾ ਹੈ, ਇਸਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਨਹੀਂ ਮੰਨਿਆ ਜਾਂਦਾ ਹੈ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ ਬੱਚੇ ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਸਵੈ-ਰੁਜ਼ਗਾਰ ਵਾਲੇ ਲੋਕ, ਤਨਖਾਹ ਪ੍ਰਾਪਤ ਕਰਮਚਾਰੀ ਜਾਂ **ਵਲੰਟੀਅਰ (volunteers)**, ਵਾਲੰਟੀਅਰ ਕਰਨ ਵਾਲੇ **ਮਾਤਾ-ਪਿਤਾ (parent)** ਸਮੇਤ, ਜੋ ਸਕੂਲਾਂ, ਧਾਰਮਿਕ ਸੰਸਥਾਵਾਂ ਜਾਂ ਕਲੱਬਾਂ ਦੁਆਰਾ ਪ੍ਰਬੰਧਿਤ ਕੀਤੇ ਗਏ ਰਾਤ ਰਹਿਣ ਵਾਲੇ ਕੈਂਪ ਵਿੱਚ ਕੰਮ ਕਰਦੇ ਹਨ (ਜਿਵੇਂ ਕਿ ਬੱਚਿਆਂ ਅਤੇ ਗਤੀਵਿਧੀਆਂ ਦੀ ਨਿਗਰਾਨੀ ਕਰਨਾ)
- ਕੈਂਪ ਵਿੱਚ ਕੰਮ ਕਰਨ ਵਾਲੇ ਉਹ ਲੋਕ ਜੋ ਆਪ ਰਾਤ ਨੂੰ ਨਹੀਂ ਠਹਿਰਦੇ ਹਨ, ਜੋ ਕੈਂਪ ਵਿਚ ਆਪਣੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹਨ
- ਕੈਂਪ ਸਥਾਨਾਂ ਦੇ ਦੇਖਭਾਲਕਰਤਾ ਅਤੇ ਰਸੋਈ ਦਾ ਸਟਾਫ਼ ਜੋ ਕੈਂਪ ਵਿੱਚ ਆਪਣੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹਨ
- ਕਿਸੇ ਹੋਰ ਰਾਜ ਦੀ ਯਾਤਰਾ ਦੌਰਾਨ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਵਾਲੇ ਲੋਕ, ਜਿੱਥੇ ਕਰਮਚਾਰੀ/ਵਾਲੰਟੀਅਰ WA ਤੋਂ ਬੱਚਿਆਂ ਨਾਲ ਜਾਂਦੇ ਹਨ ਅਤੇ/ਜਾਂ ਬੱਚਿਆਂ ਨਾਲ WA ਵਾਪਸ ਆਉਂਦੇ ਹਨ।

## ਛੋਟਾਂ

ਕਿਰਪਾ ਕਰਕੇ ਨੋਟ ਕਰੋ, ਇਸ ਸ਼੍ਰੇਣੀ ਲਈ ਮਾਤਾ-ਪਿਤਾ ਵੱਲੋਂ ਵਾਲੰਟੀਅਰ ਕਰਨ ਲਈ ਕੋਈ ਛੋਟ ਨਹੀਂ ਹੈ। ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- ਬਾਲ ਵਾਲੰਟੀਅਰ - 18 ਸਾਲ ਤੋਂ ਘੱਟ ਉਮਰ ਦੇ ਵਾਲੰਟੀਅਰਾਂ ਦੁਆਰਾ ਕੀਤੇ ਗਏ ਕੰਮ
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ **ਵਿਦਿਆਰਥੀ (students)**
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**
- ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਜਾਂ ਰਾਸ਼ਟਰੀ ਟੂਰ, Factsheet CRW02 - ਛੋਟਾਂ, ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਅਤੇ ਰਾਸ਼ਟਰੀ ਟੂਰ ਵੇਖੋ
- ਪੁਲਿਸ ਅਧਿਕਾਰੀ ਜੋ WA ਪੁਲਿਸ ਮੈਂਬਰ ਵਜੋਂ ਕੰਮ ਕਰਦੇ ਹਨ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।